UK Health Security Agency

NHS

# ਤੁਹਾਡੇ ਬੱਚੇ ਦੀ ਵੈਕਸੀਨ ਦਾ ਕਾਰਜਕ੍ਰਮ

## 8 ਹਫ਼ਤੇ

- 6-ਇਨ-1 ਵੈਕਸੀਨ*
- ਰੋਟਾਵਾਇਰਸ ਵੈਕਸੀਨ*
- ਮੇਨਿਨਜਾਈਟਿਸ ਬੀ ਵੈਕਸੀਨ*

## 12 ਹਫ਼ਤੇ

- 6-ਇਨ-1 ਵੈਕਸੀਨ**
- ਨਿਊਮੋਕੋਕਲ ਵੈਕਸੀਨ*
- ਰੋਟਾਵਾਇਰਸ ਵੈਕਸੀਨ**

## 16 ਹਫ਼ਤੇ

- 6-ਇਨ-1 ਵੈਕਸੀਨ***
- ਮੇਨਿਨਜਾਈਟਿਸ ਬੀ ਵੈਕਸੀਨ**

## 1 ਸਾਲ

- ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ/ ਮੇਨਿਨਜਾਈਟਿਸ ਸੀ ਵੈਕਸੀਨ*
- ਖ਼ਸਰਾ, ਕੰਨ ਪੇੜੇ ਅਤੇ ਰੁਬੈਲਾ ਵੈਕਸੀਨ*
- ਨਿਊਮੋਕੋਕਲ ਵੈਕਸੀਨ**
- ਮੇਨਿਨਜਾਈਟਿਸ ਬੀ ਵੈਕਸੀਨ***

## 2+ ਸਾਲ

- ਬੱਚਿਆਂ ਦੀ ਫਲੂ ਵੈਕਸੀਨ (ਸਲਾਨਾ)

## 3 ਸਾਲ ਅਤੇ 4 ਮਹੀਨੇ

- ਖ਼ਸਰਾ, ਕੰਨ ਪੇੜੇ ਅਤੇ ਰੁਬੈਲਾ ਵੈਕਸੀਨ**
- 4-ਇਨ-1 ਪ੍ਰੀ-ਸਕੂਲ ਬੂਸਟਰ ਵੈਕਸੀਨ

*ਪਹਿਲੀ ਖੁਰਾਕ, **ਦੂਜੀ ਖੁਰਾਕ, ***ਤੀਜੀ ਖੁਰਾਕ

6-ਇਨ-1 ਡਿਪਥੀਰੀਆ, ਟੈਟਨਸ, ਕਾਲੀ ਖੰਘ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾ ਟਾਈਪ ਬੀ ਅਤੇ ਹੈਪੇਟਾਈਟਸ ਬੀ ਤੋਂ ਰੱਖਿਆ ਕਰਦੀ ਹੈ

4-ਇਨ-1 ਡਿਪਥੀਰੀਆ, ਟੈਟਨਸ, ਕਾਲੀ ਖੰਘ ਅਤੇ ਪੋਲੀਓ ਤੋਂ ਰੱਖਿਆ ਕਰਦੀ ਹੈ

**ਆਪਣੇ ਬੱਚੇ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਉਸ ਦੇ ਵੈਕਸੀਨ ਕਾਰਜਕ੍ਰਮ ਦੀ ਪਾਲਣਾ ਕਰੋ**

ਇਸ ਸਮਾਂ-ਸੂਚੀ ਨੂੰ ਇੱਕ ਉਪਯੋਗੀ ਰੀਮਾਈਂਡਰ ਵਜੋਂ ਚਿਪਕਾਓ



- ਖਸਰਾ ਅਤੇ ਕਾਲੀ ਖੰਘ ਵਰਗੀਆਂ ਬਚਪਨ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ
- ਇਹ ਬੀਮਾਰੀਆਂ ਬੱਚਿਆਂ ਨੂੰ ਬਹੁਤ ਬਿਮਾਰ ਕਰ ਸਕਦੀਆਂ ਹਨ, ਜਿਸ ਦੇ ਨਤੀਜੇ ਵਜੋਂ ਹਸਪਤਾਲ ਵਿੱਚ ਰਹਿਣਾ ਪੈਂਦਾ ਹੈ ਜਾਂ ਉਮਰ ਭਰ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ
- ਜੇ ਤੁਹਾਡੇ ਬੱਚੇ ਨੂੰ ਵੈਕਸੀਨਾਂ ਨਹੀਂ ਦਿੱਤੀਆਂ ਗਈਆਂ ਹਨ, ਤਾਂ ਉਹ ਸੁਰੱਖਿਅਤ ਨਹੀਂ ਹੈ
- ਵਧੀਆ ਸੁਰੱਖਿਆ ਲਈ ਇਹ ਮਹੱਤਵਪੂਰਨ ਹੈ ਕਿ ਵੈਕਸੀਨਾਂ ਸਮੇਂ ਸਿਰ ਦਿੱਤੀਆਂ ਜਾਣ। ਕੁਝ ਲਈ ਬਾਅਦ ਵਿੱਚ ਵੀ ਬੂਸਟਰ ਖੁਰਾਕਾਂ ਦੀ ਲੋੜ ਹੁੰਦੀ ਹੈ
- ਇਹ ਦੇਖਣ ਲਈ ਕਿ ਕੀ ਉਸ ਦੀ ਕੋਈ ਵੈਕਸੀਨ ਖੁੰਝ ਗਈ ਹੈ, ਆਪਣੇ ਬੱਚੇ ਦੇ ਨਿੱਜੀ ਬਾਲ ਸਿਹਤ ਰਿਕਾਰਡ (ਲਾਲ ਕਿਤਾਬ) ਦੇਖੋ ਜਾਂ ਆਪਣੀ ਜਨਰਲ ਪ੍ਰੈਕਟੀਸ਼ਨਰ (GP) ਦੀ ਪ੍ਰੈਕਟਿਸ ਨਾਲ ਗੱਲ ਕਰੋ
- ਤੁਸੀਂ ਹਾਲੇ ਵੀ ਜ਼ਿਆਦਾਤਰ ਖੁੰਝੀਆਂ ਵੈਕਸੀਨਾਂ ਲਗਵਾ ਸਕਦੇ ਹੋ
- ਬਚਪਨ ਦੀਆਂ ਸਾਰੀਆਂ ਵੈਕਸੀਨਾਂ ਮੁਫ਼ਤ ਹੁੰਦੀਆਂ ਹਨ। ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਨੂੰ ਵੈਕਸੀਨਾਂ ਦੇਣ ਲਈ ਹੋਰ ਅਪਾਇੰਟਮੈਂਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ, ਜਦੋਂ ਤੱਕ ਉਹ ਕਿਸ਼ੋਰ ਨਹੀਂ ਹੋ ਜਾਂਦੇ। ਕੁਝ ਵੈਕਸੀਨਾਂ ਸਕੂਲ ਵਿੱਚ ਦਿੱਤੀਆਂ ਜਾਂਦੀਆਂ ਹਨ
- NHS ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਵੈਕਸੀਨਾਂ ਦੀ ਇਹ ਮੁਲਾਂਕਣ ਕਰਨ ਲਈ ਚੰਗੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ ਕਿ ਉਹ ਕਿੰਨੀਆਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ। ਸਾਰੀਆਂ ਦਵਾਈਆਂ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਪਰ ਵੈਕਸੀਨਾਂ ਸਭ ਤੋਂ ਸੁਰੱਖਿਅਤ ਵਿੱਚੋਂ ਹਨ।
- ਦੁਨੀਆ ਭਰ ਦੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਟੀਕਾਕਰਨ ਸਾਡੇ ਬੱਚਿਆਂ ਦੀ ਸਿਹਤ ਦੀ ਰੱਖਿਆ ਕਰਨ ਦਾ ਸਭ ਤੋਂ ਸੁਰੱਖਿਅਤ ਤਰੀਕਾ ਹੈ

## ਕੀ ਤੁਹਾਡੇ ਬੱਚੇ ਨੂੰ ਸਾਰੀਆਂ ਵੈਕਸੀਨਾਂ ਮਿਲ ਗਈਆਂ ਹਨ?

## ਹੁਣੇ ਉਹਨਾਂ ਦੀ ਜਨਰਲ ਪ੍ਰੈਕਟੀਸ਼ਨਰ ਦੀ ਪ੍ਰੈਕਟਿਸ ਵਿਖੇ ਬੁੱਕ ਕਰੋ

© Crown copyright

CHIMMS24PC